9.07.2026

ਸ਼ਹੀਦ ਪਰਿਵਾਰ ਫੰਡ ਸਹਿਯੋਗੀਆਂ ਦੀ ਸੂਚੀ

Donation Eligible U/s 133 Income Tax,2025

ਸ਼੍ਰੀਮਤੀ ਪਵਨ ਕੁਮਾਰੀ ਪੁਰੀ ਦੀ 20ਵੀਂ ਬਰਸੀ 'ਤੇ ਉਨ੍ਹਾਂ ਦੇ ਪਤੀ ਬਕਸ਼ੀ ਰਾਮ ਪੁਰੀ ਨੇ ਫਿਰੋਜ਼ਪੁਰ ਤੋਂ 4,100 ਰੁਪਏ ਸ਼ਹੀਦ ਪਰਿਵਾਰ ਫੰਡ ਲਈ ਭੇਜੇ।

ਬਕਸ਼ੀ ਰਾਮ ਪੁਰੀ, ਫਿਰੋਜ਼ਪੁਰ (R.No. 16177)	4,100.00
ਅੱਜ ਦਾ ਜੋੜ	4,100.00
ਪਿਛਲਾ ਜੋੜ	34,73,163.33
ਕੁੱਲ ਜੋੜ	34,77,263.33
ਇਸ ਸਾਲ 10 ਪਰਿਵਾਰਾਂ ਨੂੰ ਦਿੱਤੀ ਰਕਮ	8,50,000.00
ਬਾਕੀ ਜੋੜ	26,27,263.33
ਯੂਨੀਅਨ ਬੈਂਕ 'ਚ ਪਈਆਂ ਐੱਫ. ਡੀਜ਼+ਵਿਆਜ	3,07,23,080.70
10706 ਪਰਿਵਾਰਾਂ ਨੂੰ ਦਿੱਤੀ ਗਈ ਰਕਮ	19,97,44,900.00
ਕੁੱਲ ਰਕਮ	23,30,95,244.03

1. ਫੋਟੋ 4100 ਰੁਪਏ ਜਾਂ ਵੱਧ ਦੇਣ ਵਾਲਿਆਂ ਦੀ ਛਪੇਗੀ।
2. ਨਕਦ ਤੇ ਡਰਾਫਟ ਦਫਤਰ 'ਚ 12 ਤੋਂ 8 PM. ਤਕ ਦਿਓ।
3. NEFT ਲਈ-ਯੂਨੀਅਨ ਬੈਂਕ ਆਫ ਇੰਡੀਆ, ਸਿਵਲ ਲਾਈਨਜ਼, ਜਲੰਧਰ। A/c. No. 308302010024188, IFSC Code: UBIN0530832.
4. ਫੰਡ ਟਰਾਂਸਫਰ ਕਰ ਕੇ 9872457650 'ਤੇ ਵ੍ਹਟਸਐਪ ਕਰੋ ਅਤੇ ਆਪਣਾ ਆਧਾਰ ਜਾਂ ਪੈਨ ਨੰਬਰ ਨਾਲ ਭੇਜੋ।

ਸਹਿਯੋਗ ਇੱਥੇ ਭੇਜੋ : ਸ਼ਹੀਦ ਪਰਿਵਾਰ ਫੰਡ ਪੰਜਾਬ ਕੇਸਰੀ ਗਰੁੱਪ, ਸਿਵਲ ਲਾਈਨਜ਼, ਜਲੰਧਰ-144001

ਸ੍ਰੀ ਮਹਾਵੀਰ ਸਿੰਘ ਪਰਮਾਰ ਨੂੰ 50,000/- (ਪੰਜਾਹ ਹਜ਼ਾਰ) ਰੁਪਏ ਦੀ ਦੂਜੀ ਐੱਫ. ਡੀ. ਆਰ. ਦਿੰਦੇ ਹੋਏ ਸ਼ਹੀਦ ਪਰਿਵਾਰ ਫੰਡ ਦੇ ਟਰੱਸਟੀ ਮੰਗਤ ਰਾਮ ਪਾਸਲਾ।

ਫਿਲਮ 'ਸਤਲੁਜ' ਨੂੰ ਹਟਾਉਣ ਦੇ ਮਾਮਲੇ 'ਚ ਰਾਜਪਾਲ ਨੂੰ ਮਿਲਿਆ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦਾ ਵਫ਼ਦ

ਰਾਜਪਾਲ ਨੂੰ ਮੰਗ ਪੱਤਰ ਸੌਂਪਦੇ 'ਵਾਰਿਸ ਪੰਜਾਬ ਦੇ' ਵਫ਼ਦ ਦੇ ਮੈਂਬਰ।

ਚੰਡੀਗੜ੍ਹ/ਸਾਦਿਕ, 8 ਜੁਲਾਈ (ਅੰਕੁਰ, ਪਰਮਜੀਤ)-ਸ਼੍ਰੋਮਣੀ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵਫ਼ਦ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰ ਕੇ ਪੰਜਾਬ ਨਾਲ ਜੁੜੇ ਅਹਿਮ ਮਸਲਿਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਇਸ ਵਫ਼ਦ 'ਚ ਤਰਸੇਮ ਸਿੰਘ, ਮਨਪ੍ਰੀਤ ਸਿੰਘ ਇਯਾਲੀ ਅਤੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਫਿਲਮ 'ਸਤਲੁਜ' ਓ.ਟੀ.ਟੀ. ਤੋਂ ਹਟਾਉਣ 'ਤੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਇਹ ਫਿਲਮ ਪੰਜਾਬ ਦੇ ਉਸ ਕਾਲੇ ਦੌਰ ਦੀ ਸੱਚਾਈ ਨੂੰ ਬਾਖ਼ੂਬੀ ਬਿਆਨ ਕਰਦੀ ਹੈ ਜਦੋਂ ਹਜ਼ਾਰਾਂ ਸਿੱਖ ਨੌਜਵਾਨਾਂ ਦਾ ਕਤਲ ਕੀਤਾ ਗਿਆ ਤੇ ਲਾਵਾਰਿਸ ਦੱਸ ਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। ਇਸ ਕਾਲੇ ਦੌਰ 'ਚ ਉਨ੍ਹਾਂ ਲਾਸ਼ਾਂ ਦੇ ਅਸਲ ਵਾਰਸਾਂ ਨੂੰ ਇਨਸਾਫ਼ ਦਿਵਾਉਣ ਲਈ ਜਸਵੰਤ ਸਿੰਘ ਖਾਲੜਾ ਨੇ ਵੱਡਾ ਸੰਘਰਸ਼ ਕੀਤਾ ਸੀ। ਇਸ ਫਿਲਮ ਦੀ ਪੂਰੀ ਸੱਚਾਈ ਨੂੰ ਮੌਜੂਦਾ ਪੀੜ੍ਹੀ ਸਾਹਮਣੇ ਰੱਖਿਆ ਗਿਆ ਹੈ। ਅਜਿਹੀ ਇਤਿਹਾਸਕ ਫਿਲਮ ਨੂੰ ਲੋਕਾਂ ਤੋਂ ਦੂਰ ਕਰਨਾ ਮੰਦਭਾਗਾ ਹੈ। ਇਸ ਲਈ ਸਮੁੱਚੀ ਸਿੱਖ ਕੌਮ ਤੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਫਿਲਮ ਨੂੰ ਮੁੜ ਰਿਲੀਜ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਅਤੇ ਸੱਚਾਈ ਨਾਲ ਜਾਣੂ ਹੋ ਸਕਣ।

ਉਨ੍ਹਾਂ ਕਿਹਾ ਕਿ ਇਹ ਸਿਰਫ਼ ਇਕ ਫਿਲਮ ਨਹੀਂ ਸਗੋਂ ਪੰਜਾਬ ਦੇ ਮਨੁੱਖੀ ਅਧਿਕਾਰਾਂ ਦੇ ਇਤਿਹਾਸ ਨਾਲ ਜੁੜੀ ਇਕ ਮਹੱਤਵਪੂਰਨ ਦਸਤਾਵੇਜ਼ੀ ਪੇਸ਼ਕਾਰੀ ਹੈ, ਜੋ ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ਅਤੇ ਸੱਚ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਕੰਮ ਕਰਦੀ ਹੈ, ਜਿਨ੍ਹਾਂ ਨੇ ਹਜ਼ਾਰਾਂ ਬੇਕਸੂਰ ਨੌਜਵਾਨਾਂ ਦੇ ਕਤਲਾਂ ਤੇ ਗੁੰਮਸ਼ੁਦਗੀਆਂ ਦੇ ਮਾਮਲਿਆਂ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਆਪਣੀ ਜਾਨ ਕੁਰਬਾਨ ਕੀਤੀ। ਅਜਿਹੇ ਮਹਾਨ ਯੋਧੇ ਦੀ ਕਹਾਣੀ 'ਤੇ ਆਧਾਰਤ ਫਿਲਮ ਨੂੰ ਓ.ਟੀ.ਟੀ. ਤੋਂ ਹਟਾਉਣਾ ਇਤਿਹਾਸਕ ਸੱਚਾਈ ਅਤੇ ਇਨਸਾਫ਼ ਦੀ ਲੜਾਈ ਨੂੰ ਕਮਜ਼ੋਰ ਕਰਨ ਦੇ ਬਰਾਬਰ ਹੈ।

ਅੰਮ੍ਰਿਤਪਾਲ ਸਿੰਘ ਨੂੰ ਮਿਲੇ ਸੰਸਦੀ ਫ਼ਰਜ਼ ਨਿਭਾਉਣ ਦਾ ਮੌਕਾ : ਇਯਾਲੀ

ਮਨਪ੍ਰੀਤ ਸਿੰਘ ਇਯਾਲੀ ਨੇ ਰਾਜਪਾਲ ਦੇ ਧਿਆਨ 'ਚ ਇਹ ਮਾਮਲਾ ਵੀ ਲਿਆਂਦਾ ਕਿ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦਾ ਐੱਨ. ਐੱਸ. ਏ. ਹੇਠ ਹੈ ਚੁੱਕਾ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਤੇ ਲੋਕ ਫਤਵੇ ਦਾ ਸਨਮਾਨ ਕਰਦਿਆਂ ਉਨ੍ਹਾਂ ਨੂੰ ਆਪਣੇ ਸੰਸਦੀ ਫ਼ਰਜ਼ ਨਿਭਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਲੱਖਾਂ ਲੋਕਾਂ ਨੇ ਉਨ੍ਹਾਂ ਨੂੰ ਆਪਣਾ ਨੁਮਾਇੰਦਾ ਚੁਣ ਕੇ ਸੰਸਦ 'ਚ ਭੇਜਿਆ ਹੈ, ਇਸ ਲਈ ਉਨ੍ਹਾਂ ਨੂੰ ਸੰਸਦ 'ਚ ਹਾਜ਼ਰ ਹੋ ਕੇ ਪੰਜਾਬ ਦੇ ਪਾਣੀਆਂ, ਕਿਸਾਨੀ, ਨੌਜਵਾਨੀ, ਬੇਰੁਜ਼ਗਾਰੀ, ਨਸ਼ਿਆਂ ਅਤੇ ਸੂਬੇ ਨਾਲ ਜੁੜੇ ਹੋਰ ਅਹਿਮ ਮਸਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ। ਚੁਣੇ ਹੋਏ ਨੁਮਾਇੰਦੇ ਦੀ ਆਵਾਜ਼ ਨੂੰ ਸੰਸਦ 'ਚ ਰੋਕਣਾ ਗੈਰ-ਲੋਕਤੰਤਰਿਕ ਹੈ।

ਪੰਜਾਬ ਦੇ ਪਿੰਡ-ਪਿੰਡ 'ਚ ਦਿਖਾਵਾਂਗੇ 'ਸਤਲੁਜ' ਫਿਲਮ : ਸੁਖਬੀਰ

ਚੰਡੀਗੜ੍ਹ, 8 ਜੁਲਾਈ (ਅੰਕੁਰ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਜਸਵੰਤ ਸਿੰਘ ਖਾਲੜਾ ਸਮੇਤ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਤੇ ਸਿੱਖ ਸ਼ਖ਼ਸੀਅਤਾਂ ਉੱਤੇ ਕਾਂਗਰਸ ਸਰਕਾਰ ਦੌਰਾਨ ਢਾਹੇ ਗਏ ਅਣਮਨੁੱਖੀ ਤਸ਼ੱਦਦ ਤੇ ਉਨ੍ਹਾਂ ਦੀ ਕੁਰਬਾਨੀ ਸਬੰਧੀ ਫਿਲਮ 'ਸਤਲੁਜ' ਨੂੰ ਪੰਜਾਬ ਦੇ ਪਿੰਡ-ਪਿੰਡ 'ਚ ਤੇ ਕੋਨੇ-ਕੋਨੇ 'ਚ ਦਿਖਾਇਆ ਜਾਵੇਗਾ ਤਾਂ ਕਿ ਸਾਡੇ ਬੱਚਿਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੌਮ ਉੱਤੇ ਢਾਹੇ ਗਏ ਜ਼ੁਲਮ ਤੋਂ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਇਹ ਫਿਲਮ ਉਸ ਦਰਦਨਾਕ ਦੌਰ ਦੀ ਸੱਚਾਈ ਬਿਆਨ ਕਰਦੀ ਹੈ, ਜੋ ਕਾਂਗਰਸ ਪਾਰਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤੇ ਫੌਜੀ ਹਮਲੇ ਤੋਂ ਬਾਅਦ ਸ਼ੁਰੂ ਹੋਈ ਸੀ ਅਤੇ ਦਿੱਲੀ ਤੇ ਹੋਰ ਸ਼ਹਿਰਾਂ 'ਚ ਹਜ਼ਾਰਾਂ ਨਿਰਦੋਸ਼ ਬੇਗੁਨਾਹ ਸਿੱਖ ਨੌਜਵਾਨਾਂ, ਬੀਬੀਆਂ, ਬਜ਼ੁਰਗਾਂ ਤੇ ਬੱਚਿਆਂ ਨੂੰ ਕੋਹ-ਕੋਹ ਕੇ ਜ਼ਿੰਦਾ ਸਾੜਨ ਤੋਂ ਬਾਅਦ ਵੀ ਨਹੀਂ ਰੁਕੀ। ਇਸ ਦਿਲ ਕੰਬਾਊ ਸਾਕੇ ਵਿਰੁੱਧ ਪੰਜਾਬ 'ਚ ਰੋਸ ਪ੍ਰਗਟ ਕਰਦੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਕਾਂਗਰਸ ਸਰਕਾਰ ਨੇ ਝੂਠੇ ਪੁਲਸ ਮੁਕਾਬਲਿਆਂ 'ਚ ਸ਼ਹੀਦ ਕੀਤਾ। ਹੁਣ ਉਸ ਦਰਦਨਾਕ ਸਾਕੇ ਦਾ ਇਤਿਹਾਸ ਦੱਸਣ ਤੋਂ ਵੀ ਕੌਮ ਨੂੰ ਵਾਂਝਾ ਕੀਤਾ ਜਾ ਰਿਹਾ ਹੈ।

ਫਿਲਮ ਨੂੰ ਓ. ਟੀ. ਟੀ. ਤੋਂ ਹਟਾਉਣ 'ਚ ਭਾਜਪਾ ਦੀ ਕੋਈ ਭੂਮਿਕਾ ਨਹੀਂ : ਬਿੱਟੂ

ਚੰਡੀਗੜ੍ਹ/ਜਲੰਧਰ, 8 ਜੁਲਾਈ (ਅੰਕੁਰ, ਗੁਲਸ਼ਨ)- ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਕੁਝ ਸਿਆਸੀ ਆਗੂਆਂ ਵੱਲੋਂ 'ਸਤਲੁਜ' ਫਿਲਮ ਨੂੰ ਓ.ਟੀ.ਟੀ. ਤੋਂ ਹਟਾਏ ਜਾਣ ਲਈ ਭਾਜਪਾ ਜਾਂ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਯਤਨ ਪੂਰੀ ਤਰ੍ਹਾਂ ਬੇਬੁਨਿਆਦ, ਗੁੰਮਰਾਹਕੁੰਨ ਅਤੇ ਤੱਥਾਂ ਤੋਂ ਦੂਰ ਹਨ।

ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੁੱਦੇ ਨੂੰ ਸਹੀ ਪ੍ਰਸੰਗ 'ਚ ਦੇਖਣ ਦੀ ਲੋੜ ਹੈ। ਫਿਲਮ 'ਚ ਜਿਨ੍ਹਾਂ ਘਟਨਾਵਾਂ ਨੂੰ ਦਰਸਾਇਆ ਗਿਆ ਹੈ, ਉਹ ਉਸ ਦੌਰ ਨਾਲ ਸਬੰਧਤ ਹਨ, ਜਦੋਂ ਪੰਜਾਬ 'ਚ ਵੀ ਕਾਂਗਰਸ ਦੀ ਸਰਕਾਰ ਸੀ ਤੇ ਕੇਂਦਰ 'ਚ ਵੀ ਕਾਂਗਰਸ ਦਾ ਹੀ ਰਾਜ ਸੀ। ਉਸ ਸਮੇਂ ਦੇ ਘਟਨਾਕ੍ਰਮ ਜਾਂ ਫਿਲਮ ਦੀ ਪੇਸ਼ਕਾਰੀ ਨੂੰ ਭਾਜਪਾ ਨਾਲ ਜੋੜਨਾ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਅਤੇ ਤੱਥਹੀਣ ਹੈ।

ਉਨ੍ਹਾਂ ਕਿਹਾ ਕਿ ਡਿਜੀਟਲ ਸਟ੍ਰੀਮਿੰਗ ਪਲੇਟਫਾਰਮਾਂ ਨਾਲ ਸਬੰਧਿਤ ਕਾਨੂੰਨੀ ਪ੍ਰਬੰਧਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਓ. ਟੀ. ਟੀ. ਪਲੇਟਫਾਰਮਾਂ 'ਤੇ ਉਪਲਬਧ ਸਮੱਗਰੀ ਸਿਨੇਮਾਘਰਾਂ 'ਚ ਰਿਲੀਜ਼ ਹੋਣ ਵਾਲੀਆਂ ਫਿਲਮਾਂ ਵਾਂਗ ਪਹਿਲਾਂ ਤੋਂ ਸਰਕਾਰੀ ਸੈਂਸਰਸ਼ਿਪ ਅਧੀਨ ਨਹੀਂ ਹੁੰਦੀ। ਕਿਸੇ ਫਿਲਮ ਨੂੰ ਓ. ਟੀ. ਟੀ. ਪਲੇਟਫਾਰਮ 'ਤੇ ਜਾਰੀ ਰੱਖਣਾ, ਹਟਾਉਣਾ ਜਾਂ ਉਪਲਬਧ ਕਰਵਾਉਣਾ ਸਬੰਧਤ ਪਲੇਟਫਾਰਮ ਦਾ ਸੰਪਾਦਕੀ, ਕਾਨੂੰਨੀ ਤੇ ਵਪਾਰਕ ਫ਼ੈਸਲਾ ਹੁੰਦਾ ਹੈ।

ਫਿਲਮਾਂ ਨਾਲ ਸਬੰਧਤ ਸਰਕਾਰੀ ਪ੍ਰਮਾਣੀਕਰਨ ਅਤੇ ਨਿਯਮ ਮੁੱਖ ਤੌਰ 'ਤੇ ਸਿਨੇਮਾਘਰਾਂ 'ਚ ਰਿਲੀਜ਼ ਹੋਣ ਵਾਲੀਆਂ ਫਿਲਮਾਂ 'ਤੇ ਲਾਗੂ ਹੁੰਦੇ ਹਨ ਜਦਕਿ ਸੈਟੇਲਾਈਟ ਤੇ ਕੇਬਲ ਟੈਲੀਵਿਜ਼ਨ ਪ੍ਰਸਾਰਣ ਵੱਖ-ਵੱਖ ਕਾਨੂੰਨੀ ਤੇ ਰੈਗੂਲੇਟਰੀ ਪ੍ਰਬੰਧਾਂ ਅਧੀਨ ਚੱਲਦੇ ਹਨ। ਇਸ ਲਈ 'ਸਤਲੁਜ' ਫਿਲਮ ਨੂੰ ਓ.ਟੀ.ਟੀ. ਤੋਂ ਹਟਾਏ ਜਾਣ ਲਈ ਭਾਜਪਾ ਜਾਂ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਕੋਈ ਕਾਨੂੰਨੀ ਜਾਂ ਤੱਥਾਤਮਕ ਆਧਾਰ ਨਹੀਂ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਮਕਸਦ ਕਿਸੇ ਫਿਲਮ ਨੂੰ ਦਬਾਉਣਾ ਜਾਂ ਉਸ 'ਤੇ ਪਾਬੰਦੀ ਲਾਉਣਾ ਨਹੀਂ ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਦਾ ਇਤਿਹਾਸ ਇਕਪਾਸੜ ਨਜ਼ਰੀਏ ਦੀ ਬਜਾਏ ਸੰਪੂਰਨ ਪ੍ਰਸੰਗ 'ਚ ਪੇਸ਼ ਕੀਤਾ ਜਾਵੇ।

ਭਾਈ ਖਾਲੜਾ ਦੇ ਜੀਵਨ 'ਤੇ ਬਣੀ ਫਿਲਮ 'ਚ ਸੱਚਾਈ ਸਾਹਮਣੇ ਲਿਆਂਦੀ ਗਈ : ਧਾਮੀ

ਅੰਮ੍ਰਿਤਸਰ, 8 ਜੁਲਾਈ (ਸਰਬਜੀਤ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ, ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਵੱਲੋਂ ਕੀਤੇ ਗਏ ਬੇਮਿਸਾਲ ਕਾਰਜਾਂ ਅਤੇ ਪੁਲਸ ਵੱਲੋਂ ਸਿੱਖ ਨੌਜਵਾਨਾਂ ਨਾਲ ਕੀਤੀਆਂ ਗਈਆਂ ਜ਼ਿਆਦਤੀਆਂ 'ਤੇ ਆਧਾਰਿਤ ਫਿਲਮ 'ਸਤਲੁਜ' ਨੂੰ ਰਿਲੀਜ਼ ਹੋਣ ਦੇ ਕੁਝ ਸਮੇਂ ਬਾਅਦ ਹੀ ਭਾਰਤ ਵਿਚ ਜ਼ੀ ਨੈੱਟਵਰਕ ਤੋਂ ਹਟਾਏ ਜਾਣ ਦੀ ਸਖ਼ਤ ਨਿਖੇਧੀ ਕੀਤੀ ਹੈ।

ਧਾਮੀ ਕਿਹਾ ਕਿ 1984 ਤੋਂ ਬਾਅਦ ਪੁਲਸ ਨੇ ਹਜ਼ਾਰਾਂ ਬੇਗੁਨਾਹ ਨੌਜਵਾਨਾਂ ਨੂੰ ਤਸ਼ੱਦਦ ਕਰ ਕੇ ਮਾਰ ਦਿੱਤਾ ਅਤੇ ਲਾਵਾਰਿਸ ਕਹਿ ਕੇ ਲਾਸ਼ਾਂ ਨੂੰ ਸਾੜ ਦਿੱਤਾ। ਭਾਈ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਦੇ ਇਤਿਹਾਸ ਦੇ ਉਸ ਦਰਦਨਾਕ ਦੌਰ ਨੂੰ ਦੁਨੀਆ ਦੇ ਸਾਹਮਣੇ ਲਿਆਉਣ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਵੱਲੋਂ ਕੀਤੇ ਗਏ ਯਤਨਾਂ ਨਾਲ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਨੂੰ ਇਨਸਾਫ਼ ਦੀ ਉਮੀਦ ਬੱਝੀ ਸੀ, ਜਿਨ੍ਹਾਂ ਦੇ ਨੌਜਵਾਨ ਪੁੱਤਰ ਲਾਪਤਾ ਕਰ ਦਿੱਤੇ ਗਏ ਸਨ। ਦੁਖਦ ਪਹਿਲੂ ਇਹ ਹੈ ਕਿ ਲੋਕਾਂ ਦੀ ਉਮੀਦ ਬਣੇ ਭਾਈ ਖਾਲੜਾ ਨੂੰ ਵੀ ਪੁਲਸ ਨੇ ਮਾਰ ਦਿੱਤਾ। ਉਨ੍ਹਾਂ ਕਿਹਾ ਕਿ ਭਾਈ ਖਾਲੜਾ ਦੇ ਜੀਵਨ 'ਤੇ ਬਣੀ ਇਸ ਫਿਲਮ ਵਿਚ ਇਤਿਹਾਸ ਦੇ ਤੱਥਾਂ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸੱਚਾਈ ਨੂੰ ਸਾਹਮਣੇ ਲਿਆਂਦਾ ਗਿਆ ਹੈ, ਜਿਸ ਨੂੰ ਰੋਕਣ ਦੀ ਬਜਾਏ ਖੁੱਲ੍ਹੇ ਮਨ ਨਾਲ ਦੇਖਿਆ ਅਤੇ ਵਿਚਾਰਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ 'ਤੇ ਹੋਏ ਸਰਕਾਰੀ ਅੱਤਿਆਚਾਰ ਨੂੰ ਲੁਕਾਉਣ ਦੇ ਯਤਨ ਕਦੇ ਵੀ ਸਫ਼ਲ ਨਹੀਂ ਹੋ ਸਕਦੇ।

ਮੋਗਾ 'ਚ ਥਾਣੇ 'ਤੇ ਮੋਟਰਸਾਈਕਲ ਸਵਾਰਾਂ ਨੇ ਸੁੱਟਿਆ ਹੈਂਡ ਗ੍ਰੇਨੇਡ, ਫਟਿਆ ਨਹੀਂ

ਪੁਲਸ ਨੇ ਨਹੀਂ ਕੀਤੀ ਪੁਸ਼ਟੀ

ਜਾਂਚ ਕਰਦੀ ਐਂਟੀ ਸਾਬੋਤਾਜ ਟੀਮ।

ਮੋਗਾ, 8 ਜੁਲਾਈ (ਆਜ਼ਾਦ)-ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਬੁੱਧਵਾਰ ਸਵੇਰੇ ਮੋਗਾ-ਫਿਰੋਜ਼ਪੁਰ ਜੀ. ਟੀ. ਰੋਡ 'ਤੇ ਸਥਿਤ ਥਾਣਾ ਸਦਰ 'ਤੇ ਮੋਟਰਸਾਈਕਲ ਸਵਾਰ 2 ਨੌਜਵਾਨਾਂ ਵੱਲੋਂ ਕਥਿਤ ਤੌਰ 'ਤੇ ਇਕ ਹੈਂਡ ਗ੍ਰੇਨੇਡ ਸੁੱਟੇ ਜਾਣ ਦੀ ਖ਼ਬਰ ਹੈ। ਦੱਸਿਆ ਜਾ ਰਿਹਾ ਹੈ ਕਿ ਹੈਂਡ ਗ੍ਰੇਨੇਡ ਫਟਿਆ ਨਹੀਂ, ਜਿਸ ਕਾਰਨ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਹਾਲਾਂਕਿ ਜ਼ਿਲਾ ਪੁਲਸ ਮੁਖੀ ਜਾਂ ਕਿਸੇ ਹੋਰ ਸੀਨੀਅਰ ਪੁਲਸ ਅਧਿਕਾਰੀ ਵੱਲੋਂ ਇਸ ਘਟਨਾ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ।

ਜਾਣਕਾਰੀ ਮਿਲਣ ਉਪਰੰਤ ਵੱਡੀ ਗਿਣਤੀ ਵਿਚ ਪੱਤਰਕਾਰ ਥਾਣਾ ਸਦਰ ਦੇ ਬਾਹਰ ਪਹੁੰਚੇ ਪਰ ਥਾਣੇ ਦਾ ਮੁੱਖ ਗੇਟ ਬੰਦ ਸੀ। ਇਸ ਦੌਰਾਨ ਥਾਣੇ ਦੇ ਬਾਹਰ ਪੁਲਸ ਅਤੇ ਐਂਟੀ ਸਾਬੋਤਾਜ ਟੀਮਾਂ ਜਾਂਚ ਵਿਚ ਰੁੱਝੀਆਂ ਹੋਈਆਂ ਸਨ।

ਇਸ ਸਬੰਧੀ ਜ਼ਿਲਾ ਪੁਲਸ ਮੁਖੀ ਸਮੇਤ ਹੋਰ ਪੁਲਸ ਅਧਿਕਾਰੀਆਂ ਨਾਲ ਫੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕਿਸੇ ਵੱਲੋਂ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ। ਸੂਤਰਾਂ ਅਨੁਸਾਰ ਪੁਲਸ ਟੀਮਾਂ ਇਲਾਕੇ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀਆਂ ਫੁਟੇਜ ਦੀ ਵੀ ਜਾਂਚ ਕਰ ਰਹੀਆਂ ਹਨ। ਫਿਲਹਾਲ ਇਸ ਮਾਮਲੇ ਵਿਚ ਕੋਈ ਸੁਰਾਗ ਹੱਥ ਨਹੀਂ ਲੱਗਿਆ।

ਜੂਨ ਵਿਚ ਰਿਸ਼ਵਤਖੋਰੀ ਦੇ 6 ਮਾਮਲਿਆਂ 'ਚ 6 ਮੁਲਜ਼ਮ ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ, 8 ਜੁਲਾਈ (ਅੰਕੁਰ, ਧਵਨ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸ਼ਟਾਚਾਰ ਖ਼ਿਲਾਫ਼ ਜਾਰੀ ਮੁਹਿੰਮ ਤਹਿਤ ਜੂਨ ਮਹੀਨੇ ਦੌਰਾਨ ਰਿਸ਼ਵਤਖੋਰੀ ਦੇ 6 ਵੱਖ-ਵੱਖ ਟ੍ਰੈਪ ਮਾਮਲਿਆਂ ਵਿਚ 5 ਸਰਕਾਰੀ ਅਧਿਕਾਰੀਆਂ ਅਤੇ ਇਕ ਨਿੱਜੀ ਵਿਅਕਤੀ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਸੂਬਾ ਵਿਜੀਲੈਂਸ ਬਿਊਰੋ ਦੇ ਇਕ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਪਿਛਲੇ ਮਹੀਨੇ ਵਿਜੀਲੈਂਸ ਬਿਊਰੋ ਨੇ 15 ਵਿਜੀਲੈਂਸ ਮਾਮਲਿਆਂ ਵਿਚ ਚਲਾਨ ਤਿਆਰ ਕਰ ਕੇ ਸਬੰਧਤ ਸਮਰੱਥ ਅਦਾਲਤਾਂ 'ਚ ਪੇਸ਼ ਕੀਤੇ। ਇਸ ਤੋਂ ਇਲਾਵਾ ਬਿਊਰੋ ਨੇ 15 ਮੁਲਜ਼ਮਾਂ ਖ਼ਿਲਾਫ਼ 9 ਅਪਰਾਧਿਕ ਮਾਮਲੇ ਦਰਜ ਕੀਤੇ, ਜਿਨ੍ਹਾਂ ਵਿਚ 13 ਸਰਕਾਰੀ ਮੁਲਾਜ਼ਮ ਸ਼ਾਮਲ ਹਨ।

ਬੁਲਾਰੇ ਨੇ ਦੱਸਿਆ ਕਿ ਪਿਛਲੇ ਮਹੀਨੇ ਬਿਊਰੋ ਵੱਲੋਂ ਦਰਜ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੈਰਵੀ ਕੀਤੇ ਗਏ ਰਿਸ਼ਵਤਖੋਰੀ ਦੇ ਇਕ ਮਾਮਲੇ ਦਾ ਫ਼ੈਸਲਾ ਸਮਰੱਥ ਅਦਾਲਤ ਨੇ ਸੁਣਾਇਆ। ਇਸ ਮਾਮਲੇ ਵਿਚ 6 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਹਰੇਕ ਨੂੰ 5-5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਨਾਲ ਹੀ ਉਨ੍ਹਾਂ ਨੂੰ 27,000 ਰੁਪਏ ਤੋਂ ਲੈ ਕੇ 31,000 ਰੁਪਏ ਤੱਕ ਦਾ ਜੁਰਮਾਨਾ ਵੀ ਕੀਤਾ ਗਿਆ।

ਬੈਂਕ ਘਪਲਾ : ਮਜ਼ਦੂਰ ਭਲਾਈ ਬੋਰਡ ਦੇ 2 ਅਧਿਕਾਰੀ ਗ੍ਰਿਫ਼ਤਾਰ

ਚੰਡੀਗੜ੍ਹ, 8 ਜੁਲਾਈ (ਪਾਂਡੇ)-ਹਰਿਆਣਾ ਦੇ ਬਹੁ-ਚਰਚਿਤ ਆਈ.ਡੀ.ਐੱਫ.ਸੀ. ਫਸਟ ਬੈਂਕ ਘਪਲੇ 'ਚ ਸੀ.ਬੀ.ਆਈ. ਨੇ ਮਜ਼ਦੂਰ ਭਲਾਈ ਬੋਰਡ ਨਾਲ ਸਬੰਧਤ ਮਾਮਲੇ ਵਿਚ ਪਹਿਲੀ ਵੱਡੀ ਗ੍ਰਿਫ਼ਤਾਰੀ ਕੀਤੀ ਹੈ। ਜਾਂਚ ਏਜੰਸੀ ਨੇ ਹਰਿਆਣਾ ਮਜ਼ਦੂਰ ਭਲਾਈ ਬੋਰਡ ਦੇ ਅਕਾਊਂਟਸ ਅਫ਼ਸਰ ਜੁਗਲ ਕਿਸ਼ੋਰ ਅਤੇ ਠੇਕੇ 'ਤੇ ਤਾਇਨਾਤ ਅਕਾਊਂਟੈਂਟ ਅਮਿਤ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵਾਂ 'ਤੇ ਬੋਰਡ ਦੇ ਖਾਤੇ ਵਿਚੋਂ 50 ਕਰੋੜ ਰੁਪਏ ਦੀ ਸਰਕਾਰੀ ਰਕਮ ਜਾਅਲੀ ਤਰੀਕੇ ਨਾਲ ਕੱਢ ਕੇ ਸ਼ੈੱਲ ਕੰਪਨੀਆਂ ਵਿਚ ਟਰਾਂਸਫਰ ਕਰਨ ਦੇ ਦੋਸ਼ ਹਨ। ਸੀ. ਬੀ.ਆਈ. ਮੁਤਾਬਕ ਦੋਵੇਂ ਅਧਿਕਾਰੀ ਆਈ. ਡੀ. ਐੱਫ. ਸੀ. ਫਸਟ ਬੈਂਕ ਦੀ ਸੈਕਟਰ-32, ਚੰਡੀਗੜ੍ਹ ਸ਼ਾਖਾ ਵਿਚ ਚੱਲ ਰਹੇ ਬੋਰਡ ਦੇ ਖਾਤੇ 'ਚੋਂ ਜਾਅਲੀ ਡੈਬਿਟ ਟ੍ਰਾਂਜ਼ੈਕਸ਼ਨਾਂ ਰਾਹੀਂ ਰਕਮ ਕੱਢਣ ਦੀ ਸਾਜ਼ਿਸ਼ 'ਚ ਸ਼ਾਮਲ ਸਨ।

328 ਪਾਵਨ ਸਰੂਪਾਂ ਦਾ ਮਾਮਲਾ

ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪੁੱਜੀ 'ਸਿਟ', ਪ੍ਰਿੰਟਿੰਗ ਪ੍ਰੈੱਸ ਦੀ ਪ੍ਰਕਿਰਿਆ ਦੀ ਬਾਰੀਕੀ ਨਾਲ ਕੀਤੀ ਜਾਂਚ

ਜਾਂਚ ਤੋਂ ਬਾਅਦ ਬਾਹਰ ਆਉਂਦੇ ਡੀ. ਆਈ. ਜੀ. ਨਾਨਕ ਸਿੰਘ ਅਤੇ ਹੋਰ ਅਧਿਕਾਰੀ। (ਸਰਬਜੀਤ)

ਅੰਮ੍ਰਿਤਸਰ, 8 ਜੁਲਾਈ (ਸਰਬਜੀਤ)-328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਆਪਣੀ ਤਫ਼ਤੀਸ਼ ਨੂੰ ਹੋਰ ਅੱਗੇ ਵਧਾਉਂਦਿਆਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦਾ ਦੌਰਾ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪ੍ਰਕਾਸ਼ਨ ਅਸਥਾਨ 'ਤੇ ਪਹੁੰਚੀ 'ਸਿਟ' ਨੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਸਬੰਧਤ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਦਿਆਂ ਪਾਵਨ ਸਰੂਪਾਂ ਦੀ ਛਪਾਈ, ਸੰਭਾਲ, ਰਿਕਾਰਡ ਰੱਖਣ ਅਤੇ ਵੰਡ ਪ੍ਰਣਾਲੀ ਦੀ 3 ਘੰਟੇ ਤੱਕ ਡੂੰਘਾਈ ਨਾਲ ਜਾਂਚ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 'ਸਿਟ' ਦੇ ਮੈਂਬਰ ਡੀ. ਆਈ. ਜੀ. ਨਾਨਕ ਸਿੰਘ ਨੇ ਦੱਸਿਆ ਕਿ ਜਾਂਚ ਪੂਰੀ ਤਰ੍ਹਾਂ ਨਿਰਪੱਖ, ਪਾਰਦਰਸ਼ੀ ਅਤੇ ਤੱਥਾਂ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ। ਅੱਜ ਦੀ ਜਾਂਚ ਦੌਰਾਨ ਪਾਵਨ ਸਰੂਪਾਂ ਦੀ ਛਪਾਈ ਦੀ ਪ੍ਰਕਿਰਿਆ, ਸੁਰੱਖਿਅਤ ਸੰਭਾਲ ਦੇ ਪ੍ਰਬੰਧ, ਸ਼ਰਧਾਲੂਆਂ ਨੂੰ ਸਰੂਪ ਜਾਰੀ ਕਰਨ ਦੀ ਵਿਧੀ ਅਤੇ ਇਸ ਮੌਕੇ ਪ੍ਰਾਪਤ ਹੋਣ ਵਾਲੀ ਭੇਟਾ ਨੂੰ ਜਮ੍ਹਾਂ ਕਰਨ ਨਾਲ ਸਬੰਧਤ ਨਿਯਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਇਕੱਠੀ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਵਿਚ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। 'ਸਿਟ' ਵੱਲੋਂ ਮੰਗੇ ਗਏ ਰਿਕਾਰਡ, ਦਸਤਾਵੇਜ਼ ਅਤੇ ਹੋਰ ਲੋੜੀਂਦੀ ਜਾਣਕਾਰੀ ਸਮੇਂ ਸਿਰ ਉਪਲਬਧ ਕਰਵਾਈ ਜਾ ਰਹੀ ਹੈ, ਜਿਸ ਨਾਲ ਜਾਂਚ ਨੂੰ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਵਿਚ ਮਦਦ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਦਾ ਮੁੱਖ ਮਕਸਦ ਮਾਮਲੇ ਦੇ ਹਰ ਪੱਖ ਦੀ ਡੂੰਘਾਈ ਨਾਲ ਪੜਤਾਲ ਕਰਨਾ ਅਤੇ ਸਾਰੇ ਤੱਥਾਂ ਦੀ ਪੁਸ਼ਟੀ ਤੋਂ ਬਾਅਦ ਹੀ ਕਿਸੇ ਨਤੀਜੇ 'ਤੇ ਪਹੁੰਚਣਾ ਹੈ। ਇਸੇ ਮੰਤਵ ਨਾਲ ਹਰ ਸਬੰਧਤ ਵਿਅਕਤੀ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਉਪਲਬਧ ਰਿਕਾਰਡ ਦੀ ਬਾਰੀਕੀ ਨਾਲ ਜਾਂਚ ਜਾਰੀ ਹੈ।

ਉਨ੍ਹਾਂ ਭਰੋਸਾ ਦਿਵਾਇਆ ਕਿ 'ਸਿਟ' ਦੀ ਜਾਂਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਜਲਦ ਹੀ ਆਪਣੀ ਅੰਤਿਮ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪੀ ਜਾਵੇਗੀ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਸਾਹਮਣੇ ਆਉਣ ਵਾਲੇ ਹਰ ਮਹੱਤਵਪੂਰਨ ਤੱਥ ਨੂੰ ਰਿਪੋਰਟ ਦਾ ਹਿੱਸਾ ਬਣਾਇਆ ਜਾਵੇਗਾ, ਤਾਂ ਜੋ 328 ਪਾਵਨ ਸਰੂਪ ਮਾਮਲੇ ਦੀ ਸਪੱਸ਼ਟ, ਨਿਰਪੱਖ ਅਤੇ ਤੱਥਾਂ 'ਤੇ ਆਧਾਰਿਤ ਤਸਵੀਰ ਸਾਹਮਣੇ ਆ ਸਕੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਭਗਵੰਤ ਸਿੰਘ ਧੰਗੇੜਾ ਤੇ ਮੀਤ ਸਕੱਤਰ ਗੁਰਨਾਮ ਸਿੰਘ ਵੀ ਹਾਜ਼ਰ ਸਨ। ਤਕਰੀਬਨ ਤਿੰਨ ਘੰਟੇ ਐੱਸ.ਆਈ.ਟੀ. ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦੀ ਪੂਰੀ ਪ੍ਰਕਿਰਿਆ ਨੂੰ ਸਮਝਿਆ ਗਿਆ ਅਤੇ ਪਾਵਨ ਸਰੂਪ ਕਿਸ ਤਰ੍ਹਾਂ ਸੰਗਤਾਂ ਨੂੰ ਮੁਹੱਈਆ ਕਰਵਾਏ ਜਾਂਦੇ ਹਨ, ਉਸ ਬਾਰੇ ਵੀ ਸਾਰੀ ਜਾਣਕਾਰੀ ਹਾਸਲ ਕੀਤੀ।

ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ, ਬਦਲਾਅ ਚਾਹੁੰਦੀ ਹੈ ਜਨਤਾ : ਰੰਧਾਵਾ

ਜਲੰਧਰ/ਚੰਡੀਗੜ੍ਹ, 8 ਜੁਲਾਈ (ਵਿਸ਼ੇਸ਼)-ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ 'ਆਪ' ਸਰਕਾਰ 'ਤੇ ਸੂਬੇ ਵਿਚ ਕਾਨੂੰਨ-ਵਿਵਸਥਾ ਬਣਾਈ ਰੱਖਣ 'ਚ ਨਾਕਾਮ ਰਹਿਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਅਪਰਾਧ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਜਿਸ ਕਾਰਨ ਆਮ ਲੋਕਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ ਹੈ।

ਗੁਰਦਾਸਪੁਰ ਖੇਤਰ ਦੇ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਦੌਰਾਨ ਰੰਧਾਵਾ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਹਰ ਫਰੰਟ 'ਤੇ ਅਸਫਲ ਸਾਬਿਤ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਕਾਨੂੰਨ-ਵਿਵਸਥਾ ਬਣਾਈ ਰੱਖਣ, ਅਪਰਾਧਾਂ ਨੂੰ ਨੱਥ ਪਾਉਣ ਅਤੇ ਲੋਕਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿਚ ਨਾਕਾਮ ਰਹੀ ਹੈ।

ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਬਦਲਾਅ ਚਾਹੁੰਦੇ ਹਨ ਕਿਉਂਕਿ ਮੌਜੂਦਾ ਸਰਕਾਰ ਤੋਂ ਉਨ੍ਹਾਂ ਦੀਆਂ ਉਮੀਦਾਂ ਪੂਰੀਆਂ ਨਹੀਂ ਹੋਈਆਂ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਦੀ ਜਨਤਾ ਕਾਂਗਰਸ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਹੈ। ਉਨ੍ਹਾਂ ਕਾਂਗਰਸੀ ਵਰਕਰਾਂ ਨੂੰ ਜਥੇਬੰਦੀ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਅਤੇ ਜਨਤਾ ਵਿਚ ਜਾ ਕੇ ਪਾਰਟੀ ਦੀਆਂ ਨੀਤੀਆਂ ਅਤੇ ਸਰਕਾਰ ਦੀਆਂ ਕਥਿਤ ਨਾਕਾਮੀਆਂ ਨੂੰ ਉਜਾਗਰ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸੀ ਵਰਕਰਾਂ ਨੂੰ ਇਕਜੁੱਟ ਹੋ ਕੇ ਲੋਕਾਂ ਦੇ ਮੁੱਦਿਆਂ ਲਈ ਸੰਘਰਸ਼ ਕਰਨਾ ਪਵੇਗਾ।

8 ਆਈ. ਏ. ਐੱਸ. ਅਧਿਕਾਰੀ ਤਬਦੀਲ

ਚੰਡੀਗੜ੍ਹ/ਜਲੰਧਰ, 8 ਜੁਲਾਈ (ਅੰਕੁਰ, ਧਵਨ)-ਪੰਜਾਬ ਸਰਕਾਰ ਨੇ 8 ਆਈ. ਏ. ਐੱਸ. ਅਧਿਕਾਰੀਆਂ ਦੇ ਤਬਾਦਲੇ ਕੀਤੇ ਹਨ। ਜਾਣਕਾਰੀ ਅਨੁਸਾਰ ਸਕੱਤਰ ਗ੍ਰਹਿ ਮਾਮਲੇ ਨੀਲਿਮਾ ਨੂੰ ਹੁਣ ਸਕੱਤਰ ਪਰਸੋਨਲ ਤੇ ਵਾਧੂ ਚਾਰਜ ਵਜੋਂ ਸਕੱਤਰ ਵਿਜੀਲੈਂਸ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਾਕਸ਼ੀ ਸਾਹਨੀ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਤੇ ਨੈਸ਼ਨਲ ਹੈਲਥ ਮਿਸ਼ਨ ਦੇ ਮਿਸ਼ਨ ਡਾਇਰੈਕਟਰ ਦੇ ਅਹੁਦੇ ਦੇ ਨਾਲ-ਨਾਲ ਨਸ਼ਾ ਵਿਰੋਧੀ ਮੁਹਿੰਮ ਦੇ ਨੋਡਲ ਅਫ਼ਸਰ ਵਜੋਂ ਵਾਧੂ ਚਾਰਜ ਦਿੱਤਾ ਗਿਆ ਹੈ।

ਜਲੰਧਰ ਦੇ ਕਮਿਸ਼ਨਰ ਸੰਦੀਪ ਰਿਸ਼ੀ ਨੂੰ ਗਮਾਡਾ ਦਾ ਮੁੱਖ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਹੈ। ਪਰਮਿੰਦਰ ਪਾਲ ਸਿੰਘ ਨੂੰ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਵਿਭਾਗ ਤੋਂ ਤਬਦੀਲ ਕਰ ਕੇ ਵਿਸ਼ੇਸ਼ ਸਕੱਤਰ ਗ੍ਰਹਿ ਮਾਮਲੇ ਬਣਾਇਆ ਗਿਆ ਹੈ। ਆਮ ਰਾਜ ਪ੍ਰਬੰਧ ਤੇ ਤਾਲਮੇਲ ਵਿਭਾਗ ਦੇ ਵਿਸ਼ੇਸ਼ ਸਕੱਤਰ ਨੀਰੂ ਕਤਿਆਲ ਗੁਪਤਾ ਨੂੰ ਪੁੱਡਾ ਦਾ ਮੁੱਖ ਪ੍ਰਸ਼ਾਸਕ ਤੇ ਡਾਇਰੈਕਟਰ ਨਗਰ ਤੇ ਸ਼ਹਿਰੀ ਯੋਜਨਾਬੰਦੀ ਵਜੋਂ ਵਾਧੂ ਚਾਰਜ ਦਿੱਤਾ ਗਿਆ ਹੈ। ਹੁਸ਼ਿਆਰਪੁਰ ਦੇ ਏ. ਡੀ. ਸੀ. (ਪੇਂਡੂ ਵਿਕਾਸ) ਨਿਕਾਸ ਕੁਮਾਰ ਨੂੰ ਜਲੰਧਰ ਦਾ ਕਮਿਸ਼ਨਰ, ਆਬਕਾਰੀ ਤੇ ਕਰ ਵਿਭਾਗ 'ਚ ਤਾਇਨਾਤ ਕੀਤਾ ਗਿਆ। ਪਟਿਆਲਾ ਦੇ ਸੰਯੁਕਤ ਕਮਿਸ਼ਨਰ ਸੋਨਮ ਨੂੰ ਵਧੀਕ ਕਮਿਸ਼ਨਰ ਕਰ-1 ਪਟਿਆਲਾ ਤੇ ਸੰਯੁਕਤ ਕਮਿਸ਼ਨਰ, ਪਟਿਆਲਾ ਦਾ ਵਾਧੂ ਚਾਰਜ ਅਤੇ ਰਾਕੇਸ਼ ਕੁਮਾਰ ਮੀਨਾ ਨੂੰ ਏ.ਡੀ.ਸੀ. (ਪੇਂਡੂ ਵਿਕਾਸ), ਹੁਸ਼ਿਆਰਪੁਰ ਤਾਇਨਾਤ ਕੀਤਾ ਗਿਆ ਹੈ।

ਐੱਸ. ਆਈ. ਆਰ. ਪ੍ਰਕਿਰਿਆ ਦੀ ਸਮੀਖਿਆ

ਚੰਡੀਗੜ੍ਹ, 8 ਜੁਲਾਈ (ਅੰਕੁਰ)-ਭਾਰਤੀ ਚੋਣ ਕਮਿਸ਼ਨ ਦੇ ਡਿਪਟੀ ਚੋਣ ਕਮਿਸ਼ਨਰ ਭਾਨੂ ਪ੍ਰਕਾਸ਼ ਯੇਤੂਰੂ ਤੇ ਮੁੱਖ ਚੋਣ ਅਧਿਕਾਰੀ, ਪੰਜਾਬ ਅਨਿੰਦਿਤਾ ਮਿਤਰਾ ਨੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ) 2026 ਅਧੀਨ ਘਰ-ਘਰ ਜਾ ਕੇ ਗਣਨਾ ਫਾਰਮਾਂ ਦੀ ਵੰਡ ਅਤੇ ਵਾਪਸ ਪ੍ਰਾਪਤੀ ਪ੍ਰਕਿਰਿਆ ਦੀ ਸਮੀਖਿਆ ਕਰਨ ਲਈ ਲੁਧਿਆਣਾ 'ਚ ਇਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ, ਫ਼ਰੀਦਕੋਟ, ਮੋਗਾ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਤੇ ਮਲੇਰਕੋਟਲਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲਾ ਚੋਣ ਅਧਿਕਾਰੀ ਨੇ ਸਮੀਖਿਆ ਮੀਟਿੰਗ 'ਚ ਹਿੱਸਾ ਲਿਆ।

ਪੰਜਾਬ ਪੁਲਸ ਦਾ ਅਕਸ ਹੋ ਰਿਹੈ ਬਦਨਾਮ : ਮਜੀਠੀਆ

ਚੰਡੀਗੜ੍ਹ, 8 ਜੁਲਾਈ (ਅਰਚਨਾ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੋਸ਼ਲ ਮੀਡੀਆ 'ਤੇ ਪਾਈ ਇਕ ਪੋਸਟ ਵਿਚ ਲਿਖਿਆ



ਕਿ ਥਾਣਾ ਟਾਂਡਾ ਦੇ ਐੱਸ. ਐੱਚ. ਓ. ਨੇ ਅਮਰੀਕਾ ਵਿਚ ਰਹਿ ਰਹੇ ਪਰਿਵਾਰ ਨੂੰ ਧਮਕਾਇਆ, ਜਦਕਿ ਪੰਜਾਬ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਕਥਿਤ ਤੌਰ 'ਤੇ ਝੂਠੇ ਕਤਲ ਕੇਸ ਵਿਚ ਫਸਾਇਆ ਗਿਆ। ਉਨ੍ਹਾਂ ਪੋਸਟ ਵਿਚ ਲਿਖਿਆ ਕਿ ਜਿਵੇਂ ਗੋਲਡੀ ਬਰਾੜ, ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਐੱਫ. ਬੀ. ਆਈ. ਦੀ ਲਿਸਟ ਵਿਚ ਹਨ, ਉਵੇਂ ਹੀ ਐੱਸ. ਐੱਚ. ਓ. ਦਾ ਨਾਂ ਵੀ ਉਸੇ ਸੂਚੀ 'ਚ ਸ਼ਾਮਲ ਕਰ ਦਿੱਤਾ ਗਿਆ ਹੈ।

ਮਜੀਠੀਆ ਨੇ ਲਿਖਿਆ ਹੈ ਕਿ ਇਕ ਸਮਾਂ ਸੀ ਜਦੋਂ ਪੰਜਾਬ ਪੁਲਸ ਦਾ ਇਕ ਰੁਤਬਾ ਹੁੰਦਾ ਸੀ ਪਰ ਅੱਜ ਪੁਲਸ ਦੇ ਕੁਝ ਮੁਲਾਜ਼ਮਾਂ ਦੇ ਕਾਰਨਾਮਿਆਂ ਕਰ ਕੇ ਪੂਰੀ ਪੰਜਾਬ ਪੁਲਸ ਦਾ ਅਕਸ ਬਦਨਾਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਕਾਰਜਕਾਰੀ ਡੀ. ਜੀ. ਪੀ. ਦੇ ਅਧੀਨ ਕੰਮ ਕਰਨ ਵਾਲੀ ਪੁਲਸ ਦੇ ਕਾਰਨਾਮੇ ਹੁਣ ਦੁਨੀਆ ਵਿਚ ਮਸ਼ਹੂਰ ਹੋ ਰਹੇ ਹਨ। ਜੇਕਰ ਜਾਂਚ ਦੌਰਾਨ ਐੱਫ. ਬੀ. ਆਈ. ਉਕਤ ਇੰਸਪੈਕਟਰ ਨੂੰ ਅਮਰੀਕਾ ਲੈ ਜਾਂਦੀ ਹੈ, ਤਾਂ ਗੈਂਗਸਟਰਾਂ ਅਤੇ ਪੰਜਾਬ ਪੁਲਸ ਦਾ ਕਥਿਤ ਗੱਠਜੋੜ ਵੀ ਪੂਰੀ ਦੁਨੀਆ ਦੇ ਸਾਹਮਣੇ ਆ ਜਾਵੇਗਾ।

ਐਂਟਰੈਂਸ ਦੀ ਟੈਂਸ਼ਨ ਹੋਵੇਗੀ ਘੱਟ : ਨੀਟ ਅਤੇ ਜੇ. ਈ. ਈ. 'ਚ 50 ਫੀਸਦੀ ਤੱਕ ਜੁੜ ਸਕਦੇ 12ਵੀਂ ਬੋਰਡ ਦੇ ਮਾਰਕਸ

ਲੁਧਿਆਣਾ, 8 ਜੁਲਾਈ (ਵਿੱਕੀ)- ਦੇਸ਼ 'ਚ 'ਨੀਟ' ਅਤੇ 'ਜੇ. ਈ. ਈ.' ਵਰਗੀਆਂ ਹਾਈ-ਸਟੇਕ ਪ੍ਰਵੇਸ਼ ਪ੍ਰੀਖਿਆਵਾਂ (ਐਂਟਰੈਂਸ ਟੈਸਟਾਂ) ਦੇ ਭਾਰੀ ਦਬਾਅ ਨੂੰ ਘੱਟ ਕਰਨ ਲਈ ਸਰਕਾਰ ਇਕ ਵੱਡੀ ਨੀਤੀਗਤ ਤਬਦੀਲੀ 'ਤੇ ਵਿਚਾਰ ਕਰ ਰਹੀ ਹੈ। ਸੂਤਰਾਂ ਮੁਤਾਬਕ ਹੁਣ ਮੈਡੀਕਲ ਅਤੇ ਇੰਜੀਨੀਅਰਿੰਗ ਦੇ ਦਾਖ਼ਲਿਆਂ 'ਚ 12ਵੀਂ ਬੋਰਡ ਪ੍ਰੀਖਿਆ ਦੇ ਅੰਕਾਂ ਨੂੰ 50 ਫੀਸਦੀ ਤੱਕ ਵੇਟੇਜ ਦਿੱਤੀ ਜਾ ਸਕਦੀ ਹੈ। ਇਸ ਕਦਮ ਦਾ ਮੁੱਖ ਉਦੇਸ਼ ਕਿਸੇ ਵੀ ਇਕ ਪ੍ਰੀਖਿਆ (ਚਾਹੇ ਉਹ ਬੋਰਡ ਪ੍ਰੀਖਿਆ ਹੋਵੇ ਜਾਂ ਕੋਈ ਇਕ ਐਂਟਰੈਂਸ ਟੈਸਟ) ਦੇ ਬਹੁਤ ਜ਼ਿਆਦਾ ਤਣਾਅ ਅਤੇ ਦਬਾਅ ਨੂੰ ਘੱਟ ਕਰਨਾ ਹੈ।

ਮੌਜੂਦਾ ਸਮੇਂ 'ਚ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਾਖ਼ਲੇ ਪੂਰੀ ਤਰ੍ਹਾਂ ਐਂਟਰੈਂਸ ਟੈਸਟ ਦੇ ਸਕੋਰ 'ਤੇ ਆਧਾਰਿਤ ਹੁੰਦੇ ਹਨ ਅਤੇ ਬੋਰਡ ਪ੍ਰੀਖਿਆਵਾਂ ਦੇ ਨੰਬਰ ਸਿਰਫ਼ ਯੋਗਤਾ ਤੈਅ ਕਰਨ ਲਈ ਇਕ ਘੱਟੋ-ਘੱਟ ਫ਼ੀਸਦੀ ਤੱਕ ਹੀ ਸੀਮਤ ਰਹਿੰਦੇ ਹਨ।

ਕਿਉਂ ਪਈ ਇਸ ਬਦਲਾਅ ਦੀ ਲੋੜ? : ਇਹ ਕਦਮ ਹਾਲ ਹੀ ਦੇ ਦਿਨਾਂ 'ਚ ਪ੍ਰੀਖਿਆ ਪ੍ਰਣਾਲੀ 'ਚ ਸਾਹਮਣੇ ਆਈਆਂ ਕਈ ਗੜਬੜੀਆਂ, ਮੁਲਾਂਕਣ ਦੀਆਂ ਗਲਤੀਆਂ ਅਤੇ ਪੇਪਰ ਲੀਕ ਦੀਆਂ ਘਟਨਾਵਾਂ ਤੋਂ ਬਾਅਦ ਚੁੱਕਿਆ ਜਾ ਰਿਹਾ ਹੈ, ਜਿਨ੍ਹਾਂ ਨੇ ਪੂਰੇ ਸਿਸਟਮ ਦੀ ਭਰੋਸੇਯੋਗਤਾ 'ਤੇ ਇਕ ਵੱਡੀ ਬਹਿਸ ਛੇੜ ਦਿੱਤੀ ਹੈ। ਸੂਤਰਾਂ ਮੁਤਾਬਕ, ਜਿਨ੍ਹਾਂ ਬਦਲਾਅਵਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ, ਉਨ੍ਹਾਂ 'ਚ ਦਾਖ਼ਲੇ ਅਤੇ ਮੈਰਿਟ ਸੂਚੀ ਤਿਆਰ ਕਰਨ 'ਚ ਬੋਰਡ ਦੇ ਮਾਰਕਸ ਨੂੰ 50 ਫੀਸਦੀ ਵੇਟੇਜ ਦੇਣਾ ਅਤੇ ਕੋਚਿੰਗ ਸੈਂਟਰਾਂ 'ਤੇ ਵਿਦਿਆਰਥੀਆਂ ਦੀ ਨਿਰਭਰਤਾ ਨੂੰ ਘੱਟ ਕਰਨ ਲਈ ਐਂਟਰੈਂਸ ਟੈਸਟ ਨੂੰ ਸਕੂਲ ਦੇ ਸਿਲੇਬਸ ਦੇ ਬਿਲਕੁਲ ਮੁਤਾਬਕ ਜੋੜਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਕਈ ਮੌਕੇ ਦੇਣਾ ਅਤੇ ਹੌਲੀ-ਹੌਲੀ ਅਡੈਪਟਿਵ ਆਨ-ਡਿਮਾਂਡ ਕੰਪਿਊਟਰ-ਬੇਸਡ ਟੈਸਟ ਵੱਲ ਕਦਮ ਵਧਾਉਣਾ ਵੀ ਨਵੇਂ ਬਦਲਾਅ ਦਾ ਹਿੱਸਾ ਹੋ ਸਕਦਾ ਹੈ।

ਸਿੱਖਿਆ ਮੰਤਰਾਲਾ ਦੀ ਕਮੇਟੀ ਸੌਂਪੇਗੀ ਰਿਪੋਰਟ : ਇਨ੍ਹਾਂ ਵੱਡੇ ਸੁਧਾਰਾਂ 'ਤੇ ਸਿੱਖਿਆ ਮੰਤਰਾਲੇ ਵਲੋਂ ਪਿਛਲੇ ਸਾਲ ਗਠਿਤ ਕੀਤੀ ਗਈ 9 ਮੈਂਬਰੀ ਕਮੇਟੀ ਵਿਚਾਰ ਕਰ ਰਹੀ ਹੈ। ਇਸ ਪੈਨਲ ਦਾ ਗਠਨ ਵਿਦਿਆਰਥੀਆਂ ਦੀ ਕੋਚਿੰਗ 'ਤੇ ਵਧਦੀ ਨਿਰਭਰਤਾ, 'ਡਮੀ ਸਕੂਲਾਂ' ਦੇ ਵਧਦੇ ਚਲਨ ਅਤੇ ਹਾਈ-ਸਟੇਕ ਪ੍ਰਵੇਸ਼ ਪ੍ਰੀਖਿਆਵਾਂ 'ਚ ਨਿਰਪੱਖਤਾ ਯਕੀਨੀ ਬਣਾਉਣ ਦੀ ਜਾਂਚ ਲਈ ਕੀਤਾ ਗਿਆ ਸੀ। ਕਮੇਟੀ ਦੀ ਅੰਤਿਮ ਰਿਪੋਰਟ ਆਉਣ ਵਾਲੇ ਕੁਝ ਹਫ਼ਤਿਆਂ 'ਚ ਸਰਕਾਰ ਨੂੰ ਸੌਂਪੀ ਜਾ ਸਕਦੀ ਹੈ। ਇਸ ਦੇ ਨਾਲ ਹੀ, ਸੰਸਦੀ ਕਮੇਟੀ ਦੇ ਮੈਂਬਰਾਂ ਨੇ ਵੀ ਨੈਸ਼ਨਲ ਟੈਸਟਿੰਗ ਏਜੰਸੀ ਨੂੰ ਸੰਵਿਧਾਨਕ (ਸਟੈਚੂਟਰੀ) ਦਰਜਾ ਦੇਣ ਦੀ ਮੰਗ ਉਠਾਈ ਹੈ।

pnb ਪੰਜਾਬ ਨੈਸ਼ਨਲ ਬੈਂਕ ...ਬਿਹਤਰੀ ਲਈ ਇਕਜੁੱਟ

ਐਸੇਟਸ ਰਿਕਵਰੀ ਮੈਨੇਜਮੈਂਟ ਬ੍ਰਾਂਚ, ਲੁਧਿਆਣਾ
ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ,
ਈ-ਮੇਲ : cs4540@pnb.bank.in
ਫੋਨ. : 0161-2888181,2888182

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ

ਸਾਰਫਾਇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ-6 ਤੇ 9 ਨਾਲ ਪੜ੍ਹੇ ਜਾਂਦੇ ਰੂਲ- 8(6) ਤੇ 9(1) ਤਹਿਤ ਆਮ ਜਨਤਾ ਨੂੰ 15/30 ਦਿਨਾ ਕਾਨੂੰਨੀ ਵਿਕਰੀ ਨੋਟਿਸ

ਈ-ਨਿਲਾਮੀ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਧਿਕਾਰੀ/ਸਕਿਓਰਡ ਕ੍ਰੈਡਿਟਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 17.08.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਵਿਕਰੀ ਵੈੱਬਸਾਈਟ https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 09.07.2026 ਤੋਂ 14.08.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਪੋਰਟਲ https://BAANKNET.com 'ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਐੱਮ/ਐੱਸ ਪੀ. ਐੱਸ.ਬੀ ਅਲਾਇੰਸ ਪ੍ਰਾ.ਲਿਮ. ਮੁੰਬਈ, ਪੋਰਟਲ ਹੈਲਪਡੈਸਕ ਨੰ. +91 8291220220 ਈ-ਮੇਲ ਆਈ. ਡੀ. : support.BAANKNET@psballiance.com, ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਮੀਆਂ ਦਾ ਸ਼ਡਿਊਲ

ਲੜੀ ਨੰ.	ਜਾਇਦਾਦ (ਾਂ) ਦੀ ਆਈ. ਡੀ. / ਡੀਲਿੰਗ ਅਧਿਕਾਰੀ ਦਾ ਨਾਂ / ਸੰਪਰਕ ਨੰ. / ਅਕਾਊਂਟ ਦਾ ਨਾਂ ਅਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟੇਗਜਰ)	ਏ) ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ / ਬੀ) ਬਕਾਇਆ ਰਕਮ ਜਿਵੇਂ ਹੈ / ਸੀ) ਸਰਫਾਇਸੀ ਐਕਟ 2002 ਦੇ ਅੰਡਰ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ / ਡੀ) ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਈ.ਐੱਮ.ਡੀ. / ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	PUNBABA38080650 ਰਾਹੁਲ ਵਰਮਾ / 90005 - 30309 1) ਮੈਸਰਜ਼ ਅਯਾਨ ਇੰਟਰਪ੍ਰਾਈਜ਼ਿਜ਼ ਮਾਲਕ ਸ੍ਰੀ ਰਜਤ ਕੁਮਾਰ ਰਾਹੀਂ, ਯੂਨਿਟ ਨੰ. 1: ਪਲਾਟ ਨੰ. 56, ਈਸ਼ਵਰ ਕਾਲੋਨੀ, ਫੋਕਲ ਪੁਆਇੰਟ, ਫੇਜ਼-6, ਢੰਡਾਰੀ ਖੁਰਦ, ਢੰਡਾਰੀ ਰੋਡ, ਲੁਧਿਆਣਾ-141010, ਯੂਨਿਟ ਨੰ. 2 : ਬੀ-30, ਪਲਾਟ ਨੰ. 20ਏ, ਦੁਰਗਾ ਕਾਲੋਨੀ ਰੋਡ, ਫੇਜ਼-6, ਫੋਕਲ ਪੁਆਇੰਟ, ਲੁਧਿਆਣਾ-141010, 2) ਸ੍ਰੀ ਰਜਤ ਕੁਮਾਰ ਪੁੱਤਰ ਰਾਜ ਕੁਮਾਰ (ਮਾਲਕ), ਪਤਾ ਨੰ. 1 : ਮਕਾਨ ਨੰ. 153-ਬੀ, ਬੀ. ਆਰ. ਐੱਸ. ਨਗਰ, ਲੁਧਿਆਣਾ-141012, ਪਤਾ ਨੰ. 2 : ਟਾਈਨੀ ਸ਼ੈੱਡ ਨੰ. 6 (ਮੈਸਰਜ਼ ਸ੍ਰੀ ਬਾਲਾਜੀ ਇੰਟਰਪ੍ਰਾਈਜ਼ਿਜ਼), ਈ-463 ਦੇ ਸਾਹਮਣੇ, ਫੇਜ਼-6, ਫੋਕਲ ਪੁਆਇੰਟ, ਲੁਧਿਆਣਾ-141010, 3) ਕੁਮਾਰੀ ਸੁਨੈਨਾ ਸ਼ਰਮਾ ਪੁੱਤਰੀ ਸ੍ਰੀ ਰਾਜ ਪਾਲ ਸ਼ਰਮਾ (ਗਾਰੰਟਰ/ਮਾਰਟਗੇਜਰ) : ਪਹਿਲਾ ਪਤਾ ਨੰ. 1: ਮਕਾਨ ਨੰ. 153-ਬੀ, ਬੀ. ਆਰ. ਐੱਸ. ਨਗਰ, ਲੁਧਿਆਣਾ -141012, ਪਤਾ ਨੰ. 2 : ਮਕਾਨ ਨੰ. 223-ਬੀ, ਬੀ. ਆਰ. ਐੱਸ. ਨਗਰ, ਲੁਧਿਆਣਾ -141012.	ਉਦਯੋਗਿਕ ਪਲਾਟ ਨੰ. 56, ਕੁੱਲ ਰਕਬਾ 181.19 ਵਰਗ ਗਜ਼, ਜੋ ਕਿ ਖਸਰਾ ਨੰ. 8//18/2, 23, 17//3, 5/2, 6, 9, 8, 7, 13/2, 15/2, 17//4/2, ਖਾਤਾ ਨੰ. 2/2, 3 'ਚ ਸ਼ਾਮਲ ਹੈ। ਸਾਲ 2011-2012 ਦੀ ਜਮ੍ਹਾਬੰਦੀ ਮੁਤਾਬਕ ਇਹ ਜਾਇਦਾਦ ਪਿੰਡ ਢੰਡਾਰੀ ਖੁਰਦ, ਹੱਦਬਸਤ ਨੰ. 242, ਇਲਾਕਾ ਆਰ. ਪੀ. ਅਸਟੇਟ, ਈਸ਼ਵਰ ਕਾਲੋਨੀ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ। ਇਹ ਜਾਇਦਾਦ ਵਸੀਕਾ ਵਿਕਰੀ ਡੀਡ ਨੰ. 560 ਮਿਤੀ 08.05.2018 ਦੇ ਮੁਤਾਬਕ ਕੁਮਾਰੀ ਸੁਨੈਨਾ ਸ਼ਰਮਾ ਪੁੱਤਰੀ ਸ੍ਰੀ ਰਾਜ ਪਾਲ ਸ਼ਰਮਾ ਦੇ ਨਾਂ 'ਤੇ ਦਰਜ ਹੈ ਅਤੇ ਸਬ-ਰਜਿਸਟਰਾਰ ਦਫ਼ਤਰ, ਸਾਹਨੇਵਾਲ (ਲੁਧਿਆਣਾ) 'ਚ ਰਜਿਸਟਰਡ ਹੈ। ਹੱਦਬੰਦੀ-ਪੂਰਬ : ਗੁਆਂਢੀ 25'-09", ਪੱਛਮ : ਸੜਕ 25'-09", ਉੱਤਰ : ਗੁਆਂਢੀ 63'-04", ਦੱਖਣ : ਗੁਆਂਢੀ 63'-04"।	ਏ) 13.03.2026 ਬੀ) 1,76,93,928.33 ਰੁਪਏ ਮਿਤੀ 28.02.2026 ਨੂੰ 01.03.2026 ਤੋਂ ਤੈਅਸ਼ੁਦਾ ਦਰ 'ਤੇ ਬਣਦੇ ਅਗਲੇ ਵਿਆਜ ਸਮੇਤ ਅਤੇ ਹੋਰ ਖਰਚੇ ਤੇ ਚਾਰਜਿਜ਼। ਸੀ) 26.06.2026 ਡੀ) ਸੰਕੇਤਕ ਕਬਜ਼ਾ	ਰੁ. 33,79,000/- ਰੁ. 3,37,900/- ਰੁ. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
2.	ਜਾਇਦਾਦ 1 : PUNBBJC01 ਜਾਇਦਾਦ 2 : PUNBBJC02 ਨਿਖਿਲ ਕੁਮਾਰ / 96461 - 51967 ਕਰਜ਼ਦਾਰ-ਮੈਸਰਜ਼ ਬਾਡੀਗਾਰਡ ਜੈਕੇਟ ਕੰਪਨੀ ਇਸ ਦੇ ਪਾਰਟਨਰਜ਼ ਰਾਹੀਂ : (i) ਸ੍ਰੀ ਨਿਸ਼ਾਂਤ ਕਪੂਰ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਕਪੂਰ, (ii) ਸ੍ਰੀ ਵਿਕਾਸ ਕਪੂਰ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਕਪੂਰ, ਦਫ਼ਤਰ ਦਾ ਪਤਾ : 675, ਗਲੀ ਨੰ. 5, ਚੰਦਰ ਨਗਰ, ਸਿਵਲ ਲਾਈਨਜ਼, ਲੁਧਿਆਣਾ-141001, ਗਾਰੰਟਰ : (i) ਸ੍ਰੀ ਨਿਸ਼ਾਂਤ ਕਪੂਰ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਕਪੂਰ, ਵਾਸੀ : ਮਕਾਨ ਨੰ. 103 ਐੱਮ., ਸਾਊਥ ਸਿਟੀ, ਅਯਾਲੀ ਖੁਰਦ, ਲੁਧਿਆਣਾ-142027, (ii) ਸ੍ਰੀ ਵਿਕਾਸ ਕਪੂਰ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਕਪੂਰ, ਵਾਸੀ : ਮਕਾਨ ਨੰ. 103 ਐੱਮ., ਸਾਊਥ ਸਿਟੀ, ਅਯਾਲੀ ਖੁਰਦ, ਲੁਧਿਆਣਾ-142027.	ਪ੍ਰਾਪਰਟੀ ਨੰ. 1 : ਪ੍ਰਾਪਰਟੀ ਨੰ. ਬੀ-34-77-ਏ, ਕੁੱਲ ਰਕਬਾ 250 ਵਰਗ ਗਜ਼, ਜੋ ਕਿ ਖਸਰਾ ਨੰ. 1155/663, ਖਾਤਾ ਨੰ. 2043/2420 'ਚ ਸ਼ਾਮਲ ਹੈ। ਸਾਲ 2006-2007 ਦੀ ਜਮ੍ਹਾਬੰਦੀ ਮੁਤਾਬਕ ਇਹ ਜਾਇਦਾਦ ਵਾਕਿਆ ਪੀਰੂ ਬਾਂਦਾ, ਹੱਦਬਸਤ ਨੰ. 167, ਆਬਾਦੀ ਚੰਦਰ ਨਗਰ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸ੍ਰੀ ਵਿਕਾਸ ਕਪੂਰ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਕਪੂਰ ਦੇ ਨਾਂ 'ਤੇ ਵਿਕਰੀ ਡੀਡ ਵਸੀਕਾ ਨੰ. 24915 ਮਿਤੀ 02.03.2012 ਰਾਹੀਂ ਦਰਜ ਹੈ, ਜੋ ਕਿ ਸਬ-ਰਜਿਸਟਰਾਰ ਲੁਧਿਆਣਾ (ਈਸਟ) ਦੇ ਦਫ਼ਤਰ 'ਚ ਰਜਿਸਟਰਡ ਹੈ। ਹੱਦਬੰਦੀ-ਪੂਰਬ : ਗਲੀ 20 ਫੁੱਟ ਚੌੜੀ, ਪੈਮਾਇਸ਼ 37'-6", ਉੱਤਰ : ਗਲੀ 20 ਫੁੱਟ ਚੌੜੀ, ਪੈਮਾਇਸ਼ 60', ਪੱਛਮ : ਬਨਵਾਰੀ ਲਾਲ, ਪੈਮਾਇਸ਼ 37'-6", ਦੱਖਣ : ਅਨਿਲ ਧੀਰ, ਪੈਮਾਇਸ਼ 60'।	ਏ) 03.04.2026 ਬੀ) 2,69,51,927.80 ਰੁਪਏ ਮਿਤੀ 02.04.2026 ਨੂੰ 01.04.2026 ਤੋਂ ਕਾਂਟ੍ਰੈਕਟ ਰੇਟ 'ਤੇ ਬਣਦੇ ਅਗਲੇ ਵਿਆਜ ਸਮੇਤ ਅਤੇ ਹੋਰ ਖਰਚੇ ਤੇ ਚਾਰਜਿਜ਼। ਸੀ) 17.06.2026 ਡੀ) ਸੰਕੇਤਕ ਕਬਜ਼ਾ	ਰੁ. 91,00,000/- ਰੁ. 9,10,000/- ਰੁ. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਪ੍ਰਾਪਰਟੀ ਨੰ. 2 : ਜਾਇਦਾਦ ਦੀ ਇਕਵੀਟੇਬਲ ਮਾਰਟਗੇਜ, ਜਿਸ ਦਾ ਕੁੱਲ ਰਕਬਾ 150 ਵਰਗ ਗਜ਼ ਹੈ, ਜੋ ਕਿ ਖਸਰਾ ਨੰ. 5317/1157/663-5302/2713/663, ਖਾਤਾ ਨੰ. 2034/2403-2032/2401 'ਚ ਸ਼ਾਮਲ ਹੈ। ਸਾਲ 2006-2007 ਦੀ ਜਮ੍ਹਾਬੰਦੀ ਅਨੁਸਾਰ ਇਹ ਜਾਇਦਾਦ ਵਾਕਿਆ ਪੀਰੂ ਬਾਂਦਾ, ਹੱਦਬਸਤ ਨੰ. 167, ਆਬਾਦੀ ਚੰਦਰ ਨਗਰ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਵਿਕਰੀ ਡੀਡ ਵਸੀਕਾ ਨੰ. 25783 ਮਿਤੀ 14.03.2012 ਮੁਤਾਬਕ ਸਬ-ਰਜਿਸਟਰਾਰ ਲੁਧਿਆਣਾ (ਈਸਟ) ਦੇ ਦਫ਼ਤਰ 'ਚ ਰਜਿਸਟਰਡ ਹੈ। ਹੱਦਬੰਦੀ-ਪੂਰਬ : ਗਲੀ 20 ਫੁੱਟ ਚੌੜੀ, ਪੈਮਾਇਸ਼ 22'-6", ਉੱਤਰ : ਵਿਜੇ ਕੁਮਾਰ, ਪੈਮਾਇਸ਼ 60', ਪੱਛਮ : ਪਲਾਟ ਨੰ. 166, ਪੈਮਾਇਸ਼ 22'-6", ਦੱਖਣ : ਦੇਸ ਰਾਜ, ਪੈਮਾਇਸ਼ 60'।	17.06.2026 ਸੰਕੇਤਕ ਕਬਜ਼ਾ	ਰੁ. 53,00,000/- ਰੁ. 5,30,000/- ਰੁ. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
3.	ਜਾਇਦਾਦ 1 : PUNB00SPC01 ਜਾਇਦਾਦ 2 : PUNB00SPC02 ਨਿਖਿਲ ਕੁਮਾਰ / 96461-51967 1) ਮੈਸਰਜ਼ ਐੱਸ. ਪੀ. ਕ੍ਰਿਏਸ਼ਨਜ਼ ਇਸ ਦੇ ਮਾਲਕ ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਪਿਆਰੇ ਲਾਲ ਉਰਫ਼ ਸ੍ਰੀ ਪਿਆਰਾ ਲਾਲ ਰਾਹੀਂ, ਜਿਨ੍ਹਾਂ ਦੇ ਸਵਰਗੀ ਹੋਣ ਕਾਰਨ ਹੁਣ ਉਨ੍ਹਾਂ ਦੇ ਕਾਨੂੰਨੀ ਵਾਰਿਸਾਂ ਰਾਹੀਂ : (ਏ) ਸ੍ਰੀਮਤੀ ਰੀਤਾ ਰਾਣੀ (ਪਤਨੀ), (ਬੀ) ਸ੍ਰੀ ਪੁਨੀਤ ਕੁਮਾਰ (ਪੁੱਤਰ), (3) ਸ੍ਰੀਮਤੀ ਨੇਹਾ ਕਪੂਰ (ਪੁੱਤਰੀ), ਵਾਸੀ : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007, 2) ਸ੍ਰੀਮਤੀ ਰੀਤਾ ਰਾਣੀ ਪਤਨੀ ਸ੍ਰੀ ਸਤੀਸ਼ ਕੁਮਾਰ (ਕਾਨੂੰਨੀ ਵਾਰਿਸ/ਗਾਰੰਟਰ) : ਪਤਾ 1 : ਮਕਾਨ ਨੰ. 1924, ਸੈਕਟਰ 32ਏ, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਲੁਧਿਆਣਾ, ਪਤਾ 2 : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007, 3) ਸ੍ਰੀ ਪੁਨੀਤ ਕੁਮਾਰ (ਸਵਰਗੀ ਸ੍ਰੀ ਸਤੀਸ਼ ਕੁਮਾਰ ਦੇ ਕਾਨੂੰਨੀ ਵਾਰਿਸ), ਵਾਸੀ : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007, 4) ਸ੍ਰੀਮਤੀ ਨੇਹਾ ਕਪੂਰ (ਸਵਰਗੀ ਸ੍ਰੀ ਸਤੀਸ਼ ਕੁਮਾਰ ਦੀ ਕਾਨੂੰਨੀ ਵਾਰਿਸ) ਵਾਸੀ : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007।	ਪ੍ਰਾਪਰਟੀ ਨੰ. 1 : ਰਿਹਾਇਸ਼ੀ ਜ਼ਮੀਨ ਤੇ ਇਮਾਰਤ, ਕੁੱਲ ਰਕਬਾ 102 ਵਰਗ ਗਜ਼, ਜੋ ਕਿ ਬਲਾਕ-XXXI, ਗਲੀ ਨੰ. 4 'ਚ ਸਥਿਤ ਹੈ ਅਤੇ ਖਸਰਾ ਨੰ. 1478/446, ਖਾਤਾ ਨੰ. 603/619 'ਚ ਸ਼ਾਮਲ ਹੈ। ਸਾਲ 1990-91 ਦੀ ਜਮ੍ਹਾਬੰਦੀ ਮੁਤਾਬਕ ਇਹ ਜਾਇਦਾਦ ਸ਼ਕਤੀ ਨਗਰ, ਤਰਫ਼ ਬਸਤੀ ਜੋਧੇਵਾਲ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਪਿਆਰੇ ਲਾਲ ਦੇ ਨਾਂ 'ਤੇ ਵਿਕਰੀ ਡੀਡ ਵਸੀਕਾ ਨੰ. 9360 ਮਿਤੀ 03.01.1996 ਰਾਹੀਂ ਦਰਜ ਹੈ। ਹੱਦਬੰਦੀ-ਪੂਰਬ : ਮਕਾਨ ਨੰ. 118, ਪੈਮਾਇਸ਼ 51', ਉੱਤਰ : ਗਲੀ 20 ਫੁੱਟ ਚੌੜੀ, ਪੈਮਾਇਸ਼ 18', ਪੱਛਮ : ਮਕਾਨ ਨੰ. 120, ਪੈਮਾਇਸ਼ 51', ਦੱਖਣ : ਮਕਾਨ ਨੰ. 224, ਪੈਮਾਇਸ਼ 18'।	ਏ) 27.02.2026 ਬੀ) 50,52,339.46 ਰੁਪਏ ਮਿਤੀ 31.01.2026 ਨੂੰ 01.02.2026 ਤੋਂ ਅਗਲੇ ਵਿਆਜ ਸਮੇਤ, ਲਾਗਤਾਂ ਤੇ ਹੋਰ ਲਾਗੂ ਚਾਰਜਿਜ਼। ਸੀ) 08.06.2026 ਡੀ) ਸੰਕੇਤਕ ਕਬਜ਼ਾ	ਰੁ. 27,10,000/- ਰੁ. 2,71,000/- ਰੁ. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
		ਪ੍ਰਾਪਰਟੀ ਨੰ. 2 : ਰਿਹਾਇਸ਼ੀ ਜ਼ਮੀਨ ਤੇ ਇਮਾਰਤ, ਕੁੱਲ ਰਕਬਾ 161 ਵਰਗ ਗਜ਼। ਪ੍ਰਾਪਰਟੀ ਨੰ. XXXI-1697/11/2ਏ, ਜੋ ਕਿ ਪਲਾਟ ਨੰ. 107, ਗਲੀ ਨੰ. 4 'ਤੇ ਬਣੀ ਹੋਈ ਹੈ ਅਤੇ ਤਰਫ਼ ਬਸਤੀ ਜੋਧੇਵਾਲ, ਹੱਦਬਸਤ ਨੰ. 77, ਇਲਾਕਾ ਸ਼ਕਤੀ ਨਗਰ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ। ਇਹ ਜਾਇਦਾਦ ਸ੍ਰੀਮਤੀ ਰੀਤਾ ਰਾਣੀ ਪਤਨੀ ਸ੍ਰੀ ਸਤੀਸ਼ ਕੁਮਾਰ ਦੇ ਨਾਂ 'ਤੇ ਦਰਜ ਹੈ, ਜਿਸ ਵਿਚ ਹੇਠ ਲਿਖੇ ਵੇਰਵੇ ਅਨੁਸਾਰ 2 ਟਾਈਟਲ ਡੀਡਜ਼ ਸ਼ਾਮਲ ਹਨ : (ਏ) ਆਈ. ਪੀ. ਰਕਬਾ 80.50 ਵਰਗ ਗਜ਼, ਜੋ ਕਿ ਖਸਰਾ ਨੰ. 448, ਖਾਤਾ ਨੰ. 618/631 'ਚ ਸ਼ਾਮਲ ਹੈ, ਸਾਲ 1995-96 ਦੀ ਜਮ੍ਹਾਬੰਦੀ ਮੁਤਾਬਕ ਵਿਕਰੀ ਡੀਡ ਵਸੀਕਾ ਨੰ. 25364 ਮਿਤੀ 03.02.2000 ਰਾਹੀਂ। (ਬੀ) ਆਈ. ਪੀ. ਰਕਬਾ 80.50 ਵਰਗ ਗਜ਼, ਜੋ ਕਿ ਖਸਰਾ ਨੰ. 448, ਖਾਤਾ ਨੰ. 641/654 'ਚ ਸ਼ਾਮਲ ਹੈ, ਸਾਲ 2000-01 ਦੀ ਜਮ੍ਹਾਬੰਦੀ ਮੁਤਾਬਕ, ਵਿਕਰੀ ਡੀਡ ਵਸੀਕਾ ਨੰ. 221 ਮਿਤੀ 12.04.2006 ਰਾਹੀਂ।	08.06.2026 ਸੰਕੇਤਕ ਕਬਜ਼ਾ	ਰੁ. 50,50,000/- ਰੁ. 5,05,000/- ਰੁ. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ

ਨਿਯਮ ਅਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਨਿਯਮ 2002 'ਚ ਦਰਸਾਈਆਂ ਗਈਆਂ ਸ਼ਰਤਾਂ ਅਤੇ ਨਿਯਮਾਂ ਮੁਤਾਬਕ ਹੋਵੇਗੀ। ਨਾਲ ਹੀ ਹੇਠ ਲਿਖੀਆਂ ਸ਼ਰਤਾਂ ਮੁਤਾਬਕ ਵੀ ਇਹ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿਥੇ ਹੈ', 'ਜੋ ਹੈ ਜਿਥੇ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੋਵੇਗੀ। 3. ਸਕਿਓਰਡ ਐਸੇਟਸ ਦੇ ਜੋ ਵੇਰਵੇ ਉਪਰੋਕਤ ਸ਼ਡਿਊਲ 'ਚ ਦਿੱਤੇ ਗਏ ਹਨ, ਅਧਿਕਾਰਤ ਅਧਿਕਾਰੀ ਦੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਕ ਹਨ ਪਰ ਅਧਿਕਾਰਤ ਅਧਿਕਾਰੀ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਐਲਾਨਨਾਮੇ 'ਚ ਕੋਈ ਕੋਤਾਹੀ ਲਈ ਜਵਾਬਦੇਹ ਨਹੀਂ ਹੋਵੇਗਾ। 4. ਵਿਕਰੀ ਨਿਮਨਹਸਤਾਖਰੀ ਵਲੋਂ ਈ-ਨਿਲਾਮੀ ਪਲੇਟਫਾਰਮ ਰਾਹੀਂ 17.08.2026 ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਵੈੱਬਸਾਈਟ https://BAANKNET.com 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://BAANKNET.com ਦਾ ਹਵਾਲਾ ਲਵੋ। 5. ਰਾਖਵੀਂ ਕੀਮਤ ਤੋਂ ਉੱਪਰ ਅਤੇ ਵੱਧ, ਘੱਟੋ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਕਾਇਆ ਚਾਰਜਿਜ਼/ਬਿਜਲੀ ਦਾ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਸਹਿਣ ਕੀਤੇ ਜਾਣਗੇ।

ਸਰਫੇਸੀ ਐਕਟ, 2002 ਦੇ ਰੂਲ 8 (6) ਤਹਿਤ ਵਿਧਾਨਿਕ ਵਿਕਰੀ ਨੋਟਿਸ

ਮਿਤੀ : 08.07.2026 ਥਾਂ : ਲੁਧਿਆਣਾ ਅਧਿਕਾਰਤ ਅਫਸਰ-ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡਿਟਰ)